**ਮਾਡਲ ਪ੍ਰਸ਼ਨ-ਪੱਤਰ**
**ਸ਼੍ਰੇਣੀ - X**
**ਵਿਸ਼ਾ - ਸਮਾਜਿਕ ਸਿੱਖਿਆ**
**(2020-21)**

**ਸਮਾਂ:** 3 ਘੰਟੇ

**ਲਿਖਤੀ: 80 ਅੰਕ**
**ਆਂਤਰਿਕ ਮੁਲਾਂਕਣ: 20 ਅੰਕ**
**ਕੁੱਲ: 100 ਅੰਕ**

**ਪ੍ਰਸ਼ਨ-ਪੱਤਰ ਦੀ ਰੂਪ-ਰੇਖਾ**

1. ਸਾਰੇ ਪ੍ਰਸ਼ਨ ਜ਼ਰੂਰੀ ਹਨ।
2. ਪ੍ਰਸ਼ਨ-ਪੱਤਰ ਦੇ ਛੇ ਭਾਗ ਹੋਣਗੇ, ਜਿੰਨ੍ਹਾਂ ਦੇ ਅੱਗੇ 42 ਉਪ-ਭਾਗ ਹੋਣਗੇ।

**ਭਾਗ-ੳ**

1. **ਬਹੁ-ਚੋਣਵੇਂ ਪ੍ਰਸ਼ਨ :** ਇਸ ਭਾਗ ਵਿੱਚ ਬਹੁ-ਵਿਕਲਪੀ ਉੱਤਰਾਂ ਵਾਲੇ ਪ੍ਰਸ਼ਨ ਸ਼ਾਮਿਲ ਹੋਣਗੇ। ਇਸ ਭਾਗ ਦੇ 10 (3+2+3+2) ਉਪ-ਭਾਗ ਹੋਣਗੇ ਅਤੇ ਹਰ ਪ੍ਰਸ਼ਨ ਇੱਕ ਅੰਕ ਦਾ ਹੋਵੇਗਾ। **10×1=10**

**ਭਾਗ-ਅ**

2. **ਵਸਤੂਨਿਸ਼ਠ ਪ੍ਰਸ਼ਨ:** ਇਸ ਭਾਗ ਵਿੱਚ ਇੱਕ ਸ਼ਬਦ ਤੋਂ ਇੱਕ ਸਤਰ ਵਾਲੇ ਪ੍ਰਸ਼ਨ/ਖਾਲੀ ਥਾਵਾਂ/ ਸਹੀ ਜਾਂ ਗਲਤ ਵਾਲੇ ਪ੍ਰਸ਼ਨ ਸ਼ਾਮਿਲ ਹੋਣਗੇ। ਇਸ ਭਾਗ ਦੇ 16 (4+4+4+4) ਉਪ-ਭਾਗ ਹੋਣਗੇ ਅਤੇ ਹਰ ਪ੍ਰਸ਼ਨ ਇੱਕ ਅੰਕ ਦਾ ਹੋਵੇਗਾ। **16×1=16**

**ਭਾਗ-ੲ**

3. **ਛੋਟੇ ਉੱਤਰਾਂ ਵਾਲੇ ਪ੍ਰਸ਼ਨ:** ਇਸ ਭਾਗ ਦੇ 8 (2+2+2+2) ਉਪ-ਭਾਗ ਹੋਣਗੇ ਅਤੇ ਹਰ ਪ੍ਰਸ਼ਨ ਤਿੰਨ ਅੰਕ ਦਾ ਹੋਵੇਗਾ। ਹਰ ਪ੍ਰਸ਼ਨ ਦਾ ਉੱਤਰ 80 ਸ਼ਬਦਾਂ ਤੱਕ ਦੇਣਾ ਜ਼ਰੂਰੀ ਹੋਵੇਗਾ। **8×3=24**

**ਭਾਗ-ਸ**

4. **ਵੱਡੇ ਉੱਤਰਾਂ ਵਾਲੇ ਪ੍ਰਸ਼ਨ :** ਇਸ ਭਾਗ ਦੇ 4 (1+1+1+1) ਉਪ-ਭਾਗ ਹੋਣਗੇ ਅਤੇ ਹਰ ਪ੍ਰਸ਼ਨ ਚਾਰ ਅੰਕ ਦਾ ਹੋਵੇਗਾ। ਹਰ ਪ੍ਰਸ਼ਨ ਦਾ ਉੱਤਰ 200 ਸ਼ਬਦਾਂ ਤੱਕ ਦੇਣਾ ਜ਼ਰੂਰੀ ਹੋਵੇਗਾ।ਇਸ ਵਿੱਚ 100% ਆਂਤਰਿਕ ਛੋਟ ਹੋਵੇਗੀ। **4×4=16**

**ਭਾਗ-ਹ**

5. **ਸ੍ਰੋਤ ਅਧਾਰਿਤ ਪ੍ਰਸ਼ਨ :** ਇਸ ਪ੍ਰਸ਼ਨ ਦੇ 2 ਉਪ-ਭਾਗ ਹੋਣਗੇਅਤੇ ਹਰ ਪ੍ਰਸ਼ਨ ਚਾਰ ਅੰਕ ਦਾ ਹੋਵੇਗਾ।ਭੁਗੋਲ ਅਤੇ ਇਤਿਹਾਸ ਵਿੱਚੋਂ ਦਿੱਤੇ ਗਏ ਪੈਰੇ 'ਤ ਅਧਾਰਿਤ ਚਾਰ ਪ੍ਰਸ਼ਨ ਹੋਣਗੇ ਅਤੇ ਹਰ ਪ੍ਰਸ਼ਨ ਇੱਕ ਅੰਕ ਦਾ ਹੋਵੇਗਾ। **2×4=8**

**ਭਾਗ-ਕ**

6. **ਨਕਸ਼ੇ ਨਾਲ਼ ਸੰਬੰਧਿਤ ਪ੍ਰਸ਼ਨ :** ਇਸ ਭਾਗ ਵਿੱਚ ਨਕਸ਼ੇ ਨਾਲ਼ ਸੰਬੰਧਿਤ ਤਿੰਨ-ਤਿੰਨ ਅੰਕ ਦੇ ਦੋ ਪ੍ਰਸ਼ਨ ਹੋਣਗੇ,ਜਿਸ ਦੇ 6 ਅੰਕ ਹੋਣਗੇ।ਭੂਗੋਲ ਅਤੇ ਇਤਿਹਾਸ ਵਿੱਚੋਂ ਨਕਸ਼ੇ ਨਾਲ਼ ਸੰਬੰਧਿਤ 3-3 ਸਥਾਨ ਦਿਖਾਉਣੇ ਹੋਣਗੇ। **3+3=6**

## ਭੂਗੋਲ (24 ਅੰਕ)

**ਭਾਗ-ੳ**

**ਬਹੁ-ਵਿਕਲਪੀ ਪ੍ਰਸ਼ਨ :** **3x1=3**

1. ਵਸੋਂ ਪੱਖੋਂ ਭਾਰਤ ਨੂੰ ਸੰਸਾਰ ਵਿੱਚ ਕਿਹੜਾ ਸਥਾਨ ਪ੍ਰਾਪਤ ਹੈ?
   ੳ. ਦੂਜਾ ਅ. ਪੰਜਵਾਂ ੲ. ਸੱਤਵਾਂ ਸ. ਨੌਵਾਂ
2. ਭਾਰਤ ਦਾ ਕਿਹੜਾ ਭੂ-ਭਾਗ ਤ੍ਰਿਭੁਜਾਕਾਰ ਹੈ?
   ੳ. ਮੈਦਾਨ ਅ. ਪਹਾੜ ੲ. ਪ੍ਰਾਇਦੀਪੀ ਪਠਾਰ ਸ. ਤੱਟ ਦੇ ਮੈਦਾਨ
3. ਭਾਰਤ ਵਿੱਚ ਸਭ ਤੋਂ ਘੱਟ ਜਨਸੰਖਿਆ ਵਾਲਾ ਰਾਜ ਕਿਹੜਾ ਹੈ?
   ੳ. ਗੋਆ ਅ. ਸਿੱਕਮ ੲ. ਕੇਰਲ ਸ. ਆਸਾਮ

**ਭਾਗ-ਅ**

**ਵਸਤੂਨਿਸ਼ਠ ਪ੍ਰਸ਼ਨ:** **4x1=4**

**ਇੱਕ ਸ਼ਬਦ ਤੋਂ ਇੱਕ ਸਤਰ ਵਾਲੇ ਪ੍ਰਸ਼ਨ:**

4. ਕਿਹੜੀ ਰੇਖਾ ਭਾਰਤ ਨੂੰ ਦੋ ਸਮਾਨ ਭਾਗਾਂ ਵਿੱਚ ਵੰਡਦੀ ਹੈ?
5. ਹੁੰਮਸ ਕਿਸ ਤਰ੍ਹਾਂ ਦੀ ਸਥਿਤੀ ਹੈ?

**ਖਾਲੀ ਥਾਂਵਾਂ ਭਰੋ:**

**6.** ਕੇਂਦਰੀ ਮਿੱਟੀ ਰੱਖਿਆ ਬੋਰਡ ਦੀ ਸਥਾਪਨਾ_____ ਈ. ਵਿੱਚ ਕੀਤੀ ਗਈ।

**ਠੀਕ ਜਾਂ ਗਲਤ ਦੀ ਚੋਣ ਕਰੋ:**

**7.** ਭਾਰਤ ਵਿੱਚ ਸਭ ਤੋਂ ਵੱਧ ਪਸ਼ੂਧੰਨ ਪੰਜਾਬ ਰਾਜ ਵਿੱਚ ਹੈ।

**ਭਾਗ–ੲ**

**ਛੋਟੇ ਉੱਤਰਾਂ ਵਾਲੇ ਪ੍ਰਸ਼ਨ:** **2x3=6**

**8.** ਕੀ ਭਾਰਤ ਇੱਕ ਉਪ-ਮਹਾਂਦੀਪ ਹੈ?

**9.** ਚੇਨੱਈ ਵਿੱਚ ਸਰਦੀਆਂ ਦੀ ਰੁੱਤ ਵਿੱਚ ਜ਼ਿਆਦਾ ਵਰਖਾ ਕਿਉਂ ਹੁੰਦੀ ਹੈ?

**ਭਾਗ–ਸ**

**ਵੱਡੇ ਉੱਤਰਾਂ ਵਾਲੇ ਪ੍ਰਸ਼ਨ:** **1x4=4**

**10.** ਕੁਦਰਤੀ ਬਨਸਪਤੀ ਦਾ ਦੇਸ਼ ਨੂੰ ਕੀ ਲਾਭ ਹੈ?

**ਜਾਂ**

ਭਾਰਤੀ ਖੇਤੀਬਾੜੀ ਦੀਆਂ ਮੁੱਖ ਸਮੱਸਿਆਵਾਂ ਦਾ ਵਿਸਥਾਰਪੂਰਵਕ ਵਰਨਣ ਕਰੋ।

**ਭਾਗ–ਹ**

**11. ਸਰੋਤ ਅਧਾਰਿਤ ਪ੍ਰਸ਼ਨ:** **1x4=4**

ਉੱਚਾਈ ਦੇ ਆਧਾਰ ਤੇ ਹਿਮਾਲਿਆ ਪਰਬਤ ਦੀ ਪਹਿਲੀ ਸ਼੍ਰੇਣੀ ਟਰਾਂਸ ਹਿਮਾਲਿਆ ਹੈ।ਹਿਮਾਲਿਆ ਪਰਬਤ ਦੀਇਹ ਵਿਸ਼ਾਲ ਪਰਬਤ ਸ਼੍ਰੇਣੀ ਭਾਰਤ ਦੇ ਉੱਤਰ-ਪੱਛਮ ਵਿੱਚ ਸਥਿਤ ਪਾਮੀਰ ਦੀ ਗੰਢ ਤੋਂ ਉੱਤਰ-ਪੂਰਬੀ ਦਿਸ਼ਾ ਵਿੱਚ ਸਮਾਨਅੰਤਰ ਫੈਲੀ ਹੋਈ ਹੈ।ਇਹਨਾਂ ਦਾ ਜ਼ਿਆਦਾ ਭਾਗ ਤਿੱਬਤ ਵਿੱਚ ਹੋਣ ਕਰਕੇ ਇਸ ਨੂੰ ਤਿੱਬਤੀ ਹਿਮਾਲਿਆ ਵੀ ਕਿਹਾ ਜਾਂਦਾ ਹੈ।ਇਸ ਦੀ ਕੁੱਲ ਲੰਬਾਈ 970 ਕਿਲੋਮੀਟਰ ਹੈ ਅਤੇ ਚੋੜਾਈ ਦੋਵੇਂ ਕਿਨਾਰਿਆਂ ਤੇ 40 ਕਿਲੋਮੀਟਰ ਹੈ ਪਰਕੇਂਦਰੀ ਭਾਗ ਵਿੱਚ 222 ਕਿਲੋਮੀਟਰ ਦੇ ਲਗਭਗ ਹੋ ਜਾਂਦੀ ਹੈ।ਇਸ ਦੀ ਔਸਤ ਉਚਾਈ 6100 ਮੀਟਰ ਹੈ। ਜਾਸਕਰ,ਕਰਾਕੁਰਮ,ਲੱਦਾਖ ਅਤੇ ਕੈਲਾਸ਼ ਮੁੱਖ ਪਰਬਤੀ ਲੜੀਆਂ ਹਨ। ਮਾਊਂਟ ਕੇ$_2$(K2) ਗੌਡਵਿਨ ਆਸਟਿਨ (8611 ਮੀਟਰ) ਇਸ ਖੇਤਰ ਦੀ ਸਭ ਤੋਂ ਉੱਚੀ ਅਤੇ ਪ੍ਰਿਥਵੀ ਦੀ ਦੂਸਰੀ ਉੱਚੀ ਚੋਟੀ ਹੈ।ਹਿਡਨ ਪੀਕ (8068 ਮੀਟਰ), ਬ੍ਰਾਂਡ ਪੀਕ (8047 ਮੀਟਰ),ਗੈਸ਼ਰਬੰਮ 11 (8035 ਮੀਟਰ),ਰਾਕਾਪੋਸ਼ੀ (7788 ਮੀਟਰ) ਅਤੇ ਹਰਾਮੋਸ਼ (7397 ਮੀਟਰ) ਆਦਿ ਦੂਸਰੀਆਂ ਮਹੱਤਵਪੂਰਨ ਚੋਟੀਆਂ ਹਨ।ਹਿਸਪੁਰ ਅਤੇ ਬਟੂਰਾ (57 ਕਿਲੋਮੀਟਰ) ਅਤੇ ਬੀਆਫੋ ਅਤੇ ਬਾਲਟੋਰੋ (60 ਕਿਲੋਮੀਟਰ) ਇਥੋਂ ਦੇ ਵੱਡੇ ਗਲੇਸ਼ੀਅਰ ਹਨ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:**

1. ਤਿੱਬਤੀ ਹਿਮਾਲਿਆ ਕਿਸ ਨੂੰ ਕਿਹਾ ਜਾਂਦਾ ਹੈ?
2. ਪਾਮੀਰ ਦੀ ਗੰਢ ਭਾਰਤ ਦੀ ਕਿਸ ਦਿਸ਼ਾ ਵਿੱਚ ਸਥਿਤ ਹੈ?
3. ਟਰਾਂਸ ਹਿਮਾਲਿਆ ਦੀ ਸਭ ਤੋਂ ਉੱਚੀ ਚੋਟੀ ਦਾ ਨਾਂ ਦੱਸੋ।
4. ਟਰਾਂਸ ਹਿਮਾਲਿਆ ਦੀ ਔਸਤ ਉਚਾਈ ਕਿੰਨੀ ਹੈ?

**ਭਾਗ–ਕ**

**12. ਭਾਰਤ ਦੇ ਨਕਸ਼ੇ ਵਿੱਚ ਭਰੋ: (ਕੋਈ ਤਿੰਨ)** **3x1=3**

1. ਨਰਮਦਾ ਨਦੀ
2. ਅਰਾਵਲੀ ਪਰਬਤ
3. ਖੁਸ਼ਕ ਬਨਸਪਤੀ ਦਾ ਖੇਤਰ
4. ਪਾਲ ਘਾਟ
5. ਕਣਕ ਉਤਪਾਦਨ ਦਾ ਇੱਕ ਖੇਤਰ

## ਅਰਥ ਸ਼ਾਸਤਰ (16 ਅੰਕ)

**ਭਾਗ–ੳ**

**ਬਹੁ–ਵਿਕਲਪੀ ਪ੍ਰਸ਼ਨ :** **2x1=2**

**13.** ਸ਼ੁੱਧ ਨਿਵੇਸ਼ ਤੋਂ ਕੀ ਭਾਵ ਹੈ?

ੳ. ਸ਼ੁੱਧ ਨਿਵੇਸ਼ =ਕੁੱਲ ਨਿਵੇਸ਼ – ਘਿਸਾਵਟ     ਅ. ਸ਼ੁੱਧ ਨਿਵੇਸ਼ =ਘਿਸਾਵਟ –ਕੁੱਲ ਨਿਵੇਸ਼

ੲ. ਸ਼ੁੱਧ ਨਿਵੇਸ਼ =ਕੁੱਲ ਨਿਵੇਸ਼ –ਨਿਵੇਸ਼     ਸ. ਸ਼ੁੱਧ ਨਿਵੇਸ਼ =ਪ੍ਰਤੀਸਥਾਪਨ ਨਿਵੇਸ਼ – ਘਿਸਾਵਟ

**14.** ਭਾਰਤ ਦਾ ਕੇਂਦਰੀ ਬੈਂਕ ਕਿਹੜਾ ਹੈ?

(ੳ) ਐਸ.ਬੀ.ਆਈ.(SBI)     (ਅ) ਆਰ.ਬੀ.ਆਈ.(RBI)

(ੲ) ਪੀ.ਐਨ ਬੀ.(PNB)     (ਸ) ਉਪਰੋਕਤ ਸਾਰੇ

**ਭਾਗ–ਅ**

**ਵਸਤੂਨਿਸ਼ਠ ਪ੍ਰਸ਼ਨ:** **4x1=4**

**ਇੱਕ ਸ਼ਬਦ ਤੋਂ ਇੱਕ ਸਤਰ ਵਾਲੇ ਪ੍ਰਸ਼ਨ:**

**15.** ਉਪਭੋਗ ਤੋਂ ਕੀ ਭਾਵ ਹੈ?

**ਖਾਲੀ ਥਾਂਵਾਂ ਭਰੋ:**

16. ਭਾਰਤ ਵਿੱਚ ਵਰਖਾ________ ਤੇ ਨਿਰਭਰ ਕਰਦੀ ਹੈ।

17. ਰਿਜ਼ਰਵ ਬੈਂਕ ਆਫ ਇੰਡੀਆ(RBI)ਦੀ ਸਥਾਪਨਾ________ ਈ. ਵਿੱਚ ਹੋਈ।

**ਠੀਕ ਜਾਂ ਗਲਤ ਦੀ ਚੋਣ ਕਰੋ:**

18. ਭਾਰਤ ਵਿੱਚ ਹਰੀ ਕ੍ਰਾਂਤੀ 1965 ਈ. ਵਿੱਚ ਆਈ।

**ਭਾਗ–ੲ**

**ਛੋਟੇ ਉੱਤਰਾਂ ਵਾਲੇ ਪ੍ਰਸ਼ਨ:** **2x3=6**

19. ਅਧਾਰਿਕ ਸੰਰਚਨਾ ਤੋਂ ਕੀ ਭਾਵ ਹੈ?

20. ਵਿਦੇਸ਼ੀ ਸਹਾਇਤਾ ਤੋਂ ਕੀ ਭਾਵ ਹੈ?

**ਭਾਗ–ਸ**

**ਵੱਡੇ ਉੱਤਰਾਂ ਵਾਲੇ ਪ੍ਰਸ਼ਨ:** **1x4=4**

21. ਪ੍ਰਤੀ ਵਿਅਕਤੀ ਆਮਦਨ ਤੋਂ ਕੀ ਭਾਵ ਹੈ?ਪ੍ਰਤੀ ਵਿਅਕਤੀ ਆਮਦਨ ਦਾ ਅਨੁਮਾਨ ਕਿਸ ਤਰ੍ਹਾਂ ਲਗਾਇਆ ਜਾ ਸਕਦਾ ਹੈ?

**ਜਾਂ**

ਭਾਰਤੀ ਅਰਥ-ਵਿਵਸਥਾ ਵਿੱਚ ਖੇਤੀ ਦਾ ਮਹੱਤਵ ਬਿਆਨ ਕਰੋ।

## ਇਤਿਹਾਸ (24 ਅੰਕ)

**ਭਾਗ–ੳ**

**ਬਹੁ-ਵਿਕਲਪੀ ਪ੍ਰਸ਼ਨ :** **3x1=3**

22. ਪੰਜਾਬ ਨੂੰ ਭਾਸ਼ਾ ਦੇ ਆਧਾਰ ਤੇ ਕਦੋਂ ਵੰਡਿਆ ਗਿਆ?

ੳ. 1947ਈ. ਅ. 1954ਈ. ੲ. 1966ਈ. ਸ. 1971ਈ.

23. ਗੁਰੂ ਨਾਨਕ ਦੇਵ ਜੀ ਦੇ ਮਾਤਾ ਜੀ ਦਾ ਕੀ ਨਾਂ ਸੀ ?

ੳ. ਨਾਨਕੀ ਜੀ ਅ. ਸੁਲੱਖਣੀ ਜੀ ੲ. ਤ੍ਰਿਪਤਾ ਜੀ ਸ. ਅਮਰੋ ਜੀ

24. ਗੁਰੂ ਗੋਬਿੰਦ ਸਿੰਘ ਜੀ ਕਦੋਂ ਜੋਤੀ-ਜੋਤਸਮਾਏ?

ੳ. 1539ਈ. ਅ. 1606ਈ. ੲ.1708ਈ. ਸ. 1645ਈ.

**ਭਾਗ–ਅ**

**ਵਸਤੂਨਿਸ਼ਠ ਪ੍ਰਸ਼ਨ:** **4x1=4**

**ਇੱਕ ਸ਼ਬਦ ਤੋਂ ਇੱਕ ਸਤਰ ਵਾਲੇ ਪ੍ਰਸ਼ਨ:**

25. ਭਾਈ ਲਹਿਣਾ ਕਿਸ ਗੁਰੂ ਜੀ ਦਾ ਪਹਿਲਾ ਨਾਮ ਸੀ?

26. ਮਹਾਰਾਜਾ ਰਣਜੀਤ ਸਿੰਘ ਦਾ ਜਨਮ ਕਦੋਂ ਹੋਇਆ?

**ਖਾਲੀ ਥਾਂਵਾਂ ਭਰੋ:**

27. ਵਜ਼ੀਰ ਖਾਂ _______ ਦਾ ਸੂਬੇਦਾਰ ਸੀ।

**ਠੀਕ ਜਾਂ ਗਲਤ ਦੀ ਚੋਣ ਕਰੋ:**

28. ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ 1949 ਈ. ਨੂੰ ਸ਼ਾਮਲ ਕੀਤਾ ਗਿਆ।

**ਭਾਗ–ੲ**

**ਛੋਟੇ ਉੱਤਰਾਂ ਵਾਲੇ ਪ੍ਰਸ਼ਨ:** **2x3=6**

29. ਉਲੇਮਾ ਬਾਰੇ ਤੁਸੀਂ ਕੀ ਜਾਣਦੇ ਹੋ?

30. ਸਦਾ ਕੌਰ ਕੌਣ ਸੀ?

**ਭਾਗ–ਸ**

**ਵੱਡੇ ਉੱਤਰਾਂ ਵਾਲੇ ਪ੍ਰਸ਼ਨ:** **1x4=4**

31. ਗੁਰੂ ਨਾਨਕ ਦੇਵ ਜੀ ਦੇ ਪ੍ਰਮਾਤਮਾ ਸੰਬੰਧੀ ਵਿਚਾਰਾਂ ਦਾ ਸੰਖੇਪ ਵਰਨਣ ਕਰੋ। ?

**ਜਾਂ**

ਗੁਰੂ ਕਾ ਬਾਗ ਮੋਰਚਾ ਦਾ ਕਾਰਨ ਦੱਸੋ।

**ਭਾਗ–ਹ**

32. **ਸਰੋਤ ਅਧਾਰਿਤ ਪ੍ਰਸ਼ਨ:** **1x4=4**

ਮੁਲਤਾਨ ਦਾ ਇਲਾਕਾ ਆਰਥਿਕ ਅਤੇ ਸੈਨਿਕ ਦ੍ਰਿਸ਼ਟੀ ਦੇ ਪੱਖੋਂ ਬੜਾ ਹੀ ਮਹੱਤਵਪੂਰਨ ਸੀ।ਇਸ ਲਈ ਮਹਾਰਾਜਾ ਰਣਜੀਤ ਸਿੰਘ ਨੇ 1802 ਈ. ਵਿੱਚ ਮੁਲਤਾਨ ਉੱਤੇ ਪਹਿਲਾ ਹਮਲਾ ਕੀਤਾ।ਉੱਥੋਂ ਦੇ ਹਾਕਮ ਨਵਾਬ ਮੁਜ਼ੱਫ਼ਰ ਖਾਂ ਨੇਮਹਾਰਾਜਾ ਰਣਜੀਤ ਸਿੰਘ ਨੂੰ ਨਜ਼ਰਾਨੇ ਵਜੋਂ ਰਕਮਦੇ ਕੇ ਵਾਪਸ ਕਰ ਦਿੱਤਾ।ਮੁਲਤਾਨ ਦੇ ਨਵਾਬ ਨੇ ਆਪਣੇ ਵਾਅਦੇ ਮੁਤਾਬਕ ਜਦੋਂ ਸਲਾਨਾ ਕਰ ਨਾ ਭੇਜਿਆ ਤਾਂ ਮਹਾਰਾਜਾ ਰਣਜੀਤ ਸਿੰਘ ਨੇ 1805 ਈ. ਨੂੰ ਫਿਰ ਮੁਲਤਾਨ 'ਤੇ ਹਮਲਾ ਕਰ ਦਿੱਤਾ।ਪਰ ਮਰਾਠਾ ਸਰਦਾਰ ਜਸਵੰਤ ਰਾਉ ਹੋਲਕਰ ਦੇ ਆਪਣੀ ਸੈਨਾ ਨਾਲ ਪੰਜਾਬ ਵਿੱਚ ਆਉਣ ਕਰ ਕੇ ਮਹਾਰਾਜਾ ਰਣਜੀਤ ਸਿੰਘ ਨੂੰ ਵਾਪਸ ਜਾਣਾ

ਪਿਆ।ਮਹਾਰਾਜਾ ਰਣਜੀਤ ਸਿੰਘ ਨੇ 1807 ਈ. ਨੂੰ ਮੁਲਤਾਨ ਉਤੇ ਤੀਸਰਾ ਹਮਲਾ ਕੀਤਾ। ਸਿੱਖ ਸੈਨਾ ਨੇ ਮੁਲਤਾਨ ਦੇ ਕੁਝ ਇਲਾਕਿਆਂ ਉਤੇ ਅਧਿਕਾਰ ਕਰ ਲਿਆ।ਪਰ ਬਹਾਵਲਪੁਰ ਦੇ ਨਵਾਬ ਨੇ ਵਿੱਚ ਪੈ ਕੇ ਮਹਾਰਾਜਾ ਰਣਜੀਤ ਸਿੰਘ ਅਤੇ ਨਵਾਬ ਮੁਜ਼ੱਫ਼ਰ ਖਾਂ ਦੇ ਵਿਚਕਾਰ ਸਮਝੌਤਾ ਕਰਵਾ ਦਿੱਤਾ।ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਨੇ 24 ਫਰਵਰੀ 1810 ਈ. ਨੂੰ ਮੁਲਤਾਨ ਦੇ ਕੁਝ ਇਲਾਕਿਆਂ ਤੇ ਕਬਜ਼ਾ ਕਰ ਲਿਆ। 25 ਫਰਵਰੀ ਨੂੰ ਸਿੱਖਾਂ ਨੇ ਮੁਲਤਾਨ ਦੇ ਕਿਲ੍ਹੇ ਨੂੰ ਵੀ ਘੇਰੇ ਵਿੱਚ ਲੈ ਲਿਆ।ਪਰ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਸੈਨਿਕਾਂ ਦੇ ਨੁਕਸਾਨ ਹੋਣ ਕਰ ਕੇ ਅਤੇ ਮੋਹਕਮ ਚੰਦ ਦੇ ਬਿਮਾਰ ਹੋਣ ਕਰਕੇ ਮਹਾਰਾਜਾ ਰਣਜੀਤ ਸਿੰਘ ਨੂੰ ਕਿਲ੍ਹੇ ਦਾ ਘੇਰਾ ਚੁੱਕਣਾ ਪਿਆ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:**

1. ਉਪਰੋਕਤ ਪੈਰ੍ਹੇ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਨੇ ਮੁਲਤਾਨ 'ਤੇ ਕਿੰਨ੍ਹੇ ਹਮਲੇ ਕੀਤੇ?
2. ਕਿਹੜਾ ਮਰਾਠਾ ਸਰਦਾਰ ਆਪਣੀ ਸੈਨਾ ਨਾਲ ਪੰਜਾਬ ਵਿੱਚ ਆਇਆ?
3. ਮੁਲਤਾਨ ਦਾ ਨਵਾਬ ਕੌਣ ਸੀ?
4. ਮਹਾਰਾਜਾ ਰਣਜੀਤ ਸਿੰਘ ਨੇ ਮੁਲਤਾਨ 'ਤੇ ਦੂਸਰਾ ਹਮਲਾ ਕਦੋਂ ਕੀਤਾ?

**ਭਾਗ-ਕ**

**33. ਭਾਰਤ ਦੇ ਨਕਸ਼ੇ ਵਿੱਚ ਭਰੋ: (ਕੋਈ ਤਿੰਨ)** **3x1=3**

1. ਕੀਰਤਪੁਰ ਸਾਹਿਬ
2. ਮੁੱਦਕੀ
3. ਮੁਲਤਾਨ
4. ਗੁਜਰਾਤ
5. ਰਾਮਨਗਰ

## ਨਾਗਰਿਕ ਸ਼ਾਸਤਰ (16 ਅੰਕ)

**ਭਾਗ-ੳ**

**ਬਹੁ-ਵਿਕਲਪੀ ਪ੍ਰਸ਼ਨ :** **2x1=2**

**34.** ਭਾਰਤੀ ਨਾਗਰਿਕਾਂ ਨੂੰ ਕਿੰਨ੍ਹੇ ਮੌਲਿਕ ਅਧਿਕਾਰ ਪ੍ਰਾਪਤ ਹਨ?

ੳ. 2 ਅ. 3 ੲ. 5 ਸ. 6

**35.** ਭਾਰਤ ਵਿੱਚ ਕਿੰਨ੍ਹੇ ਰਾਜ ਹਨ?

ੳ. 22 ਅ. 27 ੲ.28 ਸ. 29

**ਭਾਗ-ਅ**

**ਵਸਤੂਨਿਸ਼ਠ ਪ੍ਰਸ਼ਨ:** **4x1=4**

**ਇੱਕ ਸ਼ਬਦ ਤੋਂ ਇੱਕ ਸਤਰ ਵਾਲੇ ਪ੍ਰਸ਼ਨ:**

**36.** ਲੋਕ ਸਭਾ ਦਾ ਕਾਰਜਕਾਲ ਕਿੰਨ੍ਹਾ ਹੁੰਦਾ ਹੈ?

**ਖਾਲੀ ਥਾਂਵਾਂ ਭਰੋ:**

**37.** ਭਾਰਤੀ ਸੰਵਿਧਾਨ________ ਨੂੰ ਲਾਗੂ ਹੋਇਆ ।

**38.** ਪੰਜਾਬ ਵਿੱਚ ______ ਸਦਨੀ ਵਿਧਾਨ-ਮੰਡਲ ਹੈ।

**ਠੀਕ ਜਾਂ ਗਲਤ ਦੀ ਚੋਣ ਕਰੋ:**

**39.** ਰਾਜ ਸਭਾ ਦੇ ਵੱਧ ਤੋਂ ਵੱਧ 550 ਮੈਂਬਰ ਹੋ ਸਕਦੇ ਹਨ।

**ਭਾਗ-ੲ**

**ਛੋਟੇ ਉੱਤਰਾਂ ਵਾਲੇ ਪ੍ਰਸ਼ਨ:** **2x3=6**

**40.** ਸੰਵਿਧਾਨ ਤੋਂ ਤੁਹਾਡਾ ਕੀ ਭਾਵ ਹੈ?

**41.** ਰਾਜ ਵਿਧਾਨ ਸਭਾ ਦਾ ਮੈਂਬਰ ਬਣਨ ਲਈ ਕੋਈ ਤਿੰਨ ਯੋਗਤਾਵਾਂ ਲਿਖੋ।

**ਭਾਗ-ਸ**

**ਵੱਡੇ ਉੱਤਰਾਂ ਵਾਲੇ ਪ੍ਰਸ਼ਨ:** **1x4=4**

**42.** ਭਾਰਤ ਇੱਕ ਧਰਮ-ਨਿਰਪੱਖ, ਲੋਕਤੰਤਰੀ ਗਣਰਾਜ ਹੈ। ਵਿਆਖਿਆ ਕਰੋ।

**ਜਾਂ**

ਸੰਸਦ ਵਿੱਚ ਇੱਕ ਬਿੱਲ ਕਾਨੂੰਨ ਕਿਵੇਂ ਬਣਦਾ ਹੈ?